DPIEE-EST202/144/2026-ESTABLISHMENT-2-DPIEE I/1491282/2026

ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ,

ਕੰਪਲੈਕਸ ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਸ-8, ਐਸ.ਏ.ਐਸ. ਨਗਰ।

(ਅਮਲਾ-2 ਸ਼ਾਖਾ)

E-mail ID: dpiee.establishment2@punjabeducation.gov.in

ਸੇਵਾ ਵਿਖੇ

ਜਿਲਾ ਸਿੱਖਿਆ ਅਫਸਰ (ਐਸਿ),
ਪਟਿਆਲਾ।

ਮਿਤੀ, ਐਸ.ਏ.ਐਸ. ਨਗਰ : 02/09/2026

ਵਿਸ਼ਾ : ਸਿਵਲ ਰਿੱਟ ਪਟੀਸ਼ਨ ਨੰ: 10367 ਆਫ 2026 ਟਾਈਟਲਡ ਐਜ ਪਰਵੀਨ ਕੁਮਾਰ ਅਤੇ ਹੋਰ ਬਨਾਮ ਪੰਜਾਬ ਸਰਕਾਰ।

1.0 ਸ਼੍ਰੀ ਪਰਵੀਨ ਕੁਮਾਰ ਪੁੱਤਰ ਸ਼੍ਰੀ ਸੱਤਪਾਲ, ਈ.ਟੀ.ਟੀ. ਅਧਿਆਪਕ 50 ਹੋਰ ਪਟੀਸ਼ਨਰਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸਿਵਲ ਰਿੱਟ ਪਟੀਸ਼ਨ ਨੰ: 10367 ਆਫ 2026 ਟਾਈਟਲਡ ਐਜ ਪਰਵੀਨ ਕੁਮਾਰ ਅਤੇ ਹੋਰ ਬਨਾਮ ਪੰਜਾਬ ਸਰਕਾਰ ਦਾਇਰ ਕਰਕੇ ਮਿਤੀ 01-11-2011 ਤੋਂ 06-11-2014 ਦੇ ਵਿਚਕਾਰ ਦੇ ਸਮੇਂ ਦੇ ਏ.ਸੀ.ਪੀ. ਲਾਭ ਦੇ ਏਰੀਅਰ ਦੀ ਅਦਾਇਗੀ ਕਰਨ ਦੀ ਮੰਗ ਕੀਤੀ ਗਈ ਸੀ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਇਸ ਕੇਸ ਦਾ ਫੈਸਲਾ ਮਿਤੀ 07-04-2026 ਨੂੰ ਕਰਦੇ ਹੋਏ ਪਟੀਸ਼ਨਰਾਂ ਨੂੰ ਨਿੱਜੀ ਸੁਣਵਾਈ ਦਾ ਮੌਕਾ ਦੇ ਕੇਸ ਉਨ੍ਹਾਂ ਦੇ ਲੀਗਲ ਨੋਟਿਸ ਮਿਤੀ 13-12-2025 (Annexure P-1) ਨੂੰ 03 ਮਹੀਨੇ ਦੇ ਅੰਦਰ-ਅੰਦਰ ਸਪੀਕਿੰਗ ਆਰਡਰ ਪਾਸ ਕਰਕੇ ਡਿਸਾਈਡ ਕਰਨ ਦੇ ਆਦੇਸ਼ ਕੀਤੇ ਗਏ ਸਨ। ਮਾਨਯੋਗ ਹਾਈਕੋਰਟ ਦੇ ਫੈਸਲੇ ਦਾ ਓਪਰੇਟਿਵ ਪਾਰਟ ਹੇਠ ਲਿਖੇ ਅਨੁਸਾਰ ਦਰਜ ਕੀਤਾ ਗਿਆ ਹੈ:-

> "6. Without going into the merits of the case at this stage, the present petition is disposed of with a direction to respondent No.3 to consider and decide legal notice dated 13.12.2025 (Annexure P-1) submitted by the petitioners expeditiously, by passing a speaking order after affording an opportunity of hearing to the petitioners, preferably within a period of 03 months from the date of receipt of certified copy of this order. Further, the decision taken thereon shall be conveyed to the petitioners."

2.0 ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਮਿਤੀ 07-04-2026 ਦੇ ਫੈਸਲੇ ਦੀ ਪਾਲਣਾ ਹਿੱਤ ਪਟੀਸ਼ਨਰਾਂ ਨੂੰ ਮਿਤੀ 06-08-2026 ਨੂੰ ਸੁਣਵਾਈ ਦਾ ਮੌਕਾ ਦਿਤਾ ਗਿਆ ਸੀ ਤੇ ਪਟੀਸ਼ਨਰਾਂ ਦਾ ਕਲੇਮ ਵਿਚਾਰਿਆ ਗਿਆ। ਅਜਿਹੇ ਹੀ ਇੱਕ ਹੋਰ ਸੀਮੀਲਰ ਕੇਸ ਵਿਚ ਇਸ ਦਫਤਰ ਦੇ ਪੱਤਰ ਨੰ: E-830554/ਅਮਲਾ-2(3)/71 ਮਿਤੀ 19-02-2025 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ।

ਇਸ ਪੱਤਰ ਦੀ ਕਾਪੀ ਨੱਥੀ ਕਰਕੇ ਭੇਜਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਾਨਯੋਗ ਹਾਈਕੋਰਟ ਦੇ ਫੈਸਲੇ ਮਿਤੀ 07-04-2026 ਦੀ ਪਾਲਣਾ ਹਿੱਤ ਇਸ ਕੇਸ ਦੇ ਪਟੀਸ਼ਨਰਾਂ ਨੂੰ ਵੀ ਬਣਦੇ ਏਰੀਅਰ ਦੀ ਅਦਾਇਗੀ ਕਰਨੀ ਯਕੀਨੀ ਬਣਾਈ ਜਾਵੇ।

3.0 ਜੇਕਰ ਕੋਈ ਪਟੀਸ਼ਨਰ ਪਟਿਆਲਾ ਜਿਲੇ ਤੋਂ ਬਦਲ ਕੇ ਕਿਸੇ ਹੋਰ ਜਿਲੇ ਵਿਚ ਚਲਾ ਗਿਆ ਹੈ ਅਤੇ ਉਸਨੂੰ ਪੇ-ਅਨਾਮਲੀ ਦੇ ਏਰੀਅਰ ਦੀ ਅਦਾਇਗੀ ਨਹੀਂ ਹੋਈ ਹੈ ਤਾਂ ਸਬੰਧਤ ਜਿਲਾ ਸਿੱਖਿਆ ਅਫਸਰ (ਐਸਿ) ਦਫਤਰ ਨਾਲ ਸੰਪਰਕ/ਲਿਖਾਪੜ੍ਹੀ ਕਰਕੇ ਉਸਨੂੰ ਵੀ ਬਣਦੇ ਏਰੀਅਰ ਦੀ ਅਦਾਇਗੀ ਕਰਵਾਉਣੀ ਯਕੀਨੀ ਬਣਾਈ ਜਾਵੇ ਅਤੇ ਕੰਸੋਲੀਡੇਟਿਡ ਕੰਪਲਾਇੰਸ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਨੱਥੀ : ਪੱਤਰ ਮਿਤੀ 19-02-2025 ਦੀ ਕਾਪੀ।

JATINDER KUMAR BANSAL
ASSISTANT DIRECTOR
01-09-2026
ਸਹਾਇਕ ਡਾਇਰੈਕਟਰ (ਅਮਲਾ-2)

ਪਿੱਠ ਅੰਕਣ ਨੰ: ਉਕਤ ਮਿਤੀ, ਐਸ.ਏ.ਐਸ. ਨਗਰ: 02/09/2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ ਟੂ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ, ਪੰਜਾਬ ਸਿਵਲ ਸਕੱਤਰੇਤ-1, ਚੰਡੀਗੜ੍ਹ।
2. ਪੀ.ਏ. ਟੂ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-7 ਸਾਖਾ) ਚੰਡੀਗੜ੍ਹ।
3. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਸਮਾਣਾ-2 ਜਿਲਾ ਪਟਿਆਲਾ।
4. ਸਬੰਧਤ ਪਟੀਸ਼ਨਰ।

JATINDER KUMAR BANSAL
ASSISTANT DIRECTOR
01-09-2026
ਸਹਾਇਕ ਡਾਇਰੈਕਟਰ (ਅਮਲਾ-2)

ਦਫ਼ਤਰ ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਐਃਸਿਃ) ਪੰਜਾਬ, ਐਸਃਏਃਐਸਃਨ ਗਰ
ਪੰ.ਸ.ਸ.ਬ. ਕੰਪਲੈਕਸ, ਬਲਾਕ ਈ, ਛੇਵੀਂ ਮੰਜਿਲ, ਸੈਕਟਰ-62, ਸਅਸ ਨਗਰ।
(ਅਮਲਾ-2 ਸਾਖਾ)
Email ID: dpiee.establishment2@punjabeducation.gov.in

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐਃਸਿਃ),
ਪੰਜਾਬ ਰਾਜ।

ਮੀਮੋ ਨੰਃ E- 830554/ਅਮਲਾ-2(3)/71
ਮਿਤੀ ਐਸ ਏ ਐਸ ਨਗਰਃ-19-02-25

ਵਿਸ਼ਾਃ CWP No. 22038 ਆਫ 2016 ਮੁਨੀਸ਼ ਸ਼ਰਮਾ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਮਿਤੀਃ 05 -02-2025 ਨੂੰ ਮਾਣਯੋਗ ਹਾਈ ਕੋਰਟ ਵਲੋ ਕੀਤੇ ਹੁਕਮਾਂ ਦੇ ਸਨਮੁੱਖ ਮਾਣਯੋਗ ਮੁੱਖ ਸੱਕਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਸਿਵਲ ਸੱਕਤਰੇਤ, ਪੰਜਾਬ ਵਿਖੇ ਹੋਈ ਮੀਟਿੰਗ ਦੇ ਫੈਸਲੇ ਬਾਰੇ।

ਉਪਰੋਕਤ ਵਿਸੇ ਦੇ ਸਬੰਧ ਵਿੱਚ CWP No. 22038 ਆਫ 2016 ਮੁਨੀਸ਼ ਸ਼ਰਮਾ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਵਿੱਚ ਹੋਏ ਫੈਸਲੇ ਦੇ ਸਨਮੁੱਖ ਮਾਣਯੋਗ ਮੁੱਖ ਸੱਕਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਮਿਤੀਃ 05-02-2025 ਨੂੰ ਹੋਈ ਇਸ ਮੀਟਿੰਗ ਵਿੱਚ ਇਹ ਫੈਸਲਾ ਲਿਆ ਗਿਆ ਕਿ ਜੋ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਵਿਭਾਗ, ਪੰਜਾਬ ਵਿੱਚ ਸਾਲ 2006 ਅਤੇ 2007 ਵਿੱਚ ਬਤੋਰ ਈ.ਟੀ.ਟੀ ਭਰਤੀ ਹੋਏ ਸਨ ਉਹਨਾਂ ਈ.ਟੀ.ਟੀ ਟੀਚਰਾਂ ਦੀ ਸਾਲ 2011 ਵਿੱਚ ਹੋਏ ਪੇ ਰਿਵੀਜਨ ਤੋ ਬਾਅਦ ਉਹਨਾਂ ਕਰਮਚਾਰੀਆਂ ਨੂੰ 4 ਸਾਲਾਂ ACP ਤੋ ਬਾਅਦ ਪੇ ਅਨਾਮਲੀ ਬਣ ਗਈ ਸੀ ਅਤੇ ਮਿਤੀਃ 01-11-2011 ਤੋ 06-10-2014 ਤੱਕ ਦੇ ਸਮੇਂ ਦਾ ਏਰੀਅਰ ਦੀ ਅਦਾਇਗੀ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਵਿਭਾਗ, ਪੰਜਾਬ ਵਲੋ ਨਹੀ ਕੀਤੀ ਗਈ ਹੈ। ਇਸ ਸਬੰਧੀ ਟੀਚਰਾਂ ਦੀ ਬਣਦੇ ਬਕਾਏ ਦੀ ਅਦਾਇਗੀ ਸਿੱਖਿਆ ਵਿਭਾਗ ਵਲੋ ਅਦਾਇਗੀ ਕਰਨ ਉਪਰੰਤ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਵਿਭਾਗ, ਪੰਜਾਬ ਤੋ ਰੀਇੰਬਰਸਮੈਂਟ ਲਈ ਜਾਵੇਗੀ ਇਸ ਦੇ ਨਾਲ ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਹੋਰ ਜਿਲ੍ਹੇ ਵਿੱਚ ਇਸ ਤਰ੍ਹਾਂ ਦੇ similarly situated ਕੇਸ ਹਨ ਤਾਂ ਉਸਦਾ ਨਿਪਟਾਰਾ ਵੀ ਇਸੇ ਢੰਗ ਨਾਲ ਆਪਣੇ ਪੱਧਰ ਤੇ ਹੀ ਕੀਤਾ ਜਾਵੇ। ਇਸ ਦੀ ਰੀਇੰਬਰਸਮੈਂਟ ਸਬੰਧੀ ਸਮੂਹ ਅਸਲ ਰਿਕਾਰਡ ਸਮੇਤ ਅਦਾਇਗੀਆ ਬਾਰੇ ਜਾਣਕਾਰੀ ਇਸ ਦਫਤਰ ਨੂੰ ਭੇਜੀ ਜਾਵੇ। ( ਨੱਥੀ Minutes of meeting ਦੀ ਕਾਰਵਾਈ ਪੰਨਾਂ ਨੰਃ1 ਤੋ 3 ਤੱਕ)

ਇਹ ਪੱਤਰ ਸੱਮਰਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

(ਨੱਥੀ ਉਕਤ ਅਨੁਸਾਰ) (1-3)

ਸਹਾਇਕ ਡਾਇਰੈਕਟਰ (ਅਮਲਾ-2 ਸ਼ਾਖਾ)

ਪਿੱਠ ਅੰਕਣ ਨੰਃ ਉੱਕਤ ਮਿਤੀਃ ਸਅਸ ਨਗਰ/

ਉਪਰੋਕਤ ਦਾ ਉਤਾਂਰਾ ਨੂੰ ਸੂਚਨਾ/ਅਗਲੇਰੀ ਯੋਗ ਕਾਰਵਾਈ ਹਿੱਤ ਭੈਜਿਆ ਜਾਂਦਾ ਹੈਃ-

1. ਪੀ. ਏ ਟੂ ਸੱਕਤਰ ਸਕੂਲ ਸਿੱਖਿਆ, ਪੰਜਾਬ ਸਰਕਾਰ।
2. ਪੀ.ਏ ਟੂ ਸੱਕਤਰ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਵਿਭਾਗ, ਪੰਜਾਬ ਸਰਕਾਰ।
3. ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਵਿਭਾਗ, ਪੰਜਾਬ ਸੈਕਟਰ 68, ਫੇਜ-8, ਸਅਸ ਨਗਰ।

ਸਹਾਇਕ ਡਾਇਰੈਕਟਰ (ਅਮਲਾ-2 ਸ਼ਾਖਾ)

**ਵਿਸ਼ਾ:-ਸਿਵਲ ਰਿਟ ਪਟੀਸ਼ਨ ਨੰ. 22038 ਆਫ 2016 ਮੁਨੀਸ਼ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਵਿੱਚ ਮਾਣਯੋਗ ਹਾਈ ਕੋਰਟ ਦੇ ਫੈਸਲੇ ਸਬੰਧੀ ਮਾਣਯੋਗ ਚੀਫ ਸਕੱਤਰ ਜੀ ਨਾਲ ਮਿਤੀ: 05-02-2025 ਨੂੰ ਹੋਈ ਮੀਟਿੰਗ ਦੀ ਕਾਰਵਾਈ ਬਾਰੇ।**

ਉਪਰੋਕਤ ਦੇ ਸਬੰਧ ਵਿੱਚ ਮਿਤੀ 05.02.2025 ਨੂੰ ਮਾਣਯੋਗ ਮੁੱਖ ਸਕੱਤਰ, ਪੰਜਾਬ ਦੀ ਪ੍ਰਧਾਨਗੀ ਵਿੱਚ ਸਕੱਤਰੇਤ ਪੰਜਾਬ ਵਿਖੇ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ ਮੌਜੂਦ ਹੋਏ ਸਨ:-

1. ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਸਕੱਤਰ, ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ, ਪੰਜਾਬ।
3. ਵਧੀਕ ਮੁੱਖ ਸਕੱਤਰ, ਲੋਕਲ ਗਵਰਮੈਂਟ, ਪੰਜਾਬ।
4. ਡਾਇਰੈਕਟਰ ਸਕੂਲ ਸਿੱਖਿਆ (ਐ:ਸਿ:), ਪੰਜਾਬ।
5. ਸਹਾਇਕ ਡਾਇਰੈਕਟਰ (ਅਮਲਾ 2 ਸ਼ਾਖਾ), ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐ.ਸਿ) ਪੰਜਾਬ।
6. ਵਿਸ਼ੇਸ਼ ਕਾਰਜ ਅਫਸਰ (ਲਿਟੀਗੇਸ਼ਨ), ਸਕੱਤਰ ਸਕੂਲ ਸਿੱਖਿਆ, ਪੰਜਾਬ।

ਮੀਟਿੰਗ ਵਿੱਚ ਜਿਲ੍ਹਾ ਪ੍ਰੀਸਦ ਅਧੀਨ ਭਰਤੀ ਹੋਏ ਈਟੀਟੀ ਅਧਿਆਪਕ ਜਿਹਨਾਂ ਨੂੰ ਬਾਅਦ ਵਿਚ ਮਿਤੀ 07.10.2014 ਤੋਂ ਸਿੱਖਿਆ ਵਿਭਾਗ ਵਿੱਚ ਮਰਜ ਕੀਤਾ ਗਿਆ ਹੈ, ਇਹਨਾਂ ਅਧਿਆਪਕਾਂ ਵੱਲੋਂ ਮਿਤੀ 07.10.2014 ਤੋਂ ਪਹਿਲਾਂ ਦੇ ਸਮੇਂ ਦੀ ਏ.ਸੀ.ਪੀ. ਦੀ ਮੰਗ ਨਾਲ ਸੰਬੰਧਤ ਮੁੱਦੇ ਨੂੰ ਸਿਵਲ ਰਿੱਟ ਪਟੀਸ਼ਨ ਨੰ. 22038 ਆਫ 2016 ਮੁਨੀਸ਼ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਅਤੇ ਸਿਵਲ ਰਿੱਟ ਪਟੀਸ਼ਨ ਨੰ. 21688 ਆਫ 2017-ਸੰਦੀਪ ਸਿੰਘ ਅਤੇ ਹੋਰ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਾਣਯੋਗ ਹਾਈ ਕੋਰਟ ਦੇ ਫੈਸਲੇ ਸਨਮੁੱਖ ਵਿਚਾਰ ਵਟਾਂਦਰਾ ਕੀਤਾ ਗਿਆ।

2. ਵਿਸ਼ਾ ਅੰਕਿਤ ਕੇਸ ਸਬੰਧਤ ਪਟੀਸ਼ਨਰ ਜਿਨਾਂ ਦੀ ਗਿਣਤੀ 80 ਹੈ। ਇਹ ਪਟੀਸ਼ਨਰ 2006 ਅਤੇ 2007 ਵਿੱਚ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਵਿਭਾਗ, ਪੰਜਾਬ ਅਤੇ ਲੋਕਲ ਗਰਵਮੈਂਟ ਵਿਭਾਗ, ਪੰਜਾਬ ਦੁਆਰਾ ਬਤੌਰ ਈ ਟੀ ਟੀ ਭਰਤੀ ਹੋਏ ਹਨ। ਸਾਲ 2011 ਵਿੱਚ ਹੋਏ ਪੇ ਰਵੀਜਨ ਤੋਂ ਬਾਅਦ 2006 ਅਤੇ 2007 ਵਿੱਚ ਭਰਤੀ ਹੋਏ ਕਰਮਚਾਰੀਆਂ ਦੀ 4 ਸਾਲਾ ਏ ਸੀ ਪੀ ਤੋਂ ਬਾਅਦ ਪੇ ਅਨਾਮਲੀ ਬਣ ਗਈ ਜਿਸਦਾ ਨਿਪਟਾਰਾ ਸਬੰਧਤ ਵਿਭਾਗ ਵਲੋਂ ਕਰ ਦਿੱਤਾ ਗਿਆ ਹੈ। ਪ੍ਰੰਤੂ ਮਿਤੀ 01.11.2011 ਤੋਂ 06.10.2014 ਦੇ ਸਮੇਂ ਦਾ ਏਰੀਅਰ ਸਬੰਧਤ ਵਿਭਾਗ ਵਲੋਂ ਅਦਾ ਨਹੀਂ ਕੀਤਾ ਗਿਆ ਮਿਤੀ 07.10.2014 ਦੇ ਸਮੇਂ ਦਾ ਏਰੀਅਰ ਸਬੰਧਤ ਵਿਭਾਗ ਵਲੋਂ ਅਦਾ ਨਹੀਂ ਕੀਤਾ ਗਿਆ। ਮਿਤੀ

07.10.2014 ਤੋਂ ਨੋਟਿਫਿਕਸੇਨ ਨੰ 2/305/2014/ਈਟੀਟੀ.5/9460 ਮਿਤੀ 19.09.2014 ਰਾਹੀਂ ਜਾਰੀ ਕਰਦੇ ਹੋਏ ਸਿੱਖਿਆ ਵਿਭਾਗ ਵਿੱਚ ਮਰਜ ਕਰ ਲਿਆ ਗਿਆ ਸੀ। ਮਾਨਯੋਗ ਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ 22038 ਆਫ 2016 ਮੁਨੀਸ਼ ਸਰਮਾ ਅਤੇ ਹੋਰ ਦੇ ਕੇਸ ਵਿੱਚ ਦਿੱਤੇ ਫੈਸਲੇ ਦੀ ਸਬੰਧਤ ਟੂਕ ਨਿਮਨ ਅਨੁਸਾਰ ਹੈ :-

" As it is apparent from the above, since both the above departments are passing on the buck to each other, this Court deems it appropriate that the Chief Secretary of the State gets the matter looked inti for resolving it within a period of 4 months ."

ਮਾਨਯੋਗ ਕੋਰਟ ਵਲੋਂ ਦਿੱਤੇ ਉਕਤ ਫੈਸਲੇ ਅਨੁਸਾਰ ਪਟੀਸਨਰਾਂ ਨੂੰ ਕੀਤੀ ਜਾਣ ਵਾਲੀ ਅਦਾਇਗੀ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ, ਪੰਜਾਬ ਅਤੇ ਲੋਕਲ ਗਵਰਮੈਂਟ ਪੰਜਾਬ ਵਲੋਂ ਕੀਤੀ ਜਾਣੀ ਹੈ ਜਾਂ ਸਿੱਖਿਆ ਵਿਭਾਗ ਵਲੋਂ ਕੀਤੀ ਜਾਣੀ ਹੈ, ਤੇ ਵਿਚਾਰ ਕੀਤਾ ਗਿਆ।

3. ਸਕੱਤਰ ਪੇਂਡੂ ਵਿਕਾਸ ਅਤੇ ਪੰਚਾਇਤ ਰਾਜ ਵਿਭਾਗ, ਪੰਜਾਬ ਅਤੇ ਲੋਕਲ ਗਵਰਮੈਂਟ ਵਿਭਾਗ, ਪੰਜਾਬ ਵਲੋਂ ਦੱਸਿਆ ਗਿਆ ਕਿ ਉਕਤ ਪਟੀਸ਼ਨਰ ਅਤੇ ਅਜਿਹੇ ਹੋਰ ਸਾਰੇ ਕਰਮਚਾਰੀਆਂ ਦਾ ਪੂਰਾ ਰਿਕਾਰਡ ਸਿੱਖਿਆ ਵਿਭਾਗ ਨੂੰ ਸ਼ਿਫਟ ਹੋਣ ਕਰਕੇ ਅਤੇ ਸਬੰਧਤ ਸੈਲਰੀ ਹੈੱਡ ਵੀ ਬੰਦ ਕਰਵਾਏ ਜਾ ਚੁੱਕੇ ਹਨ। ਜਿਸ ਕਰਕੇ ਬਣਦੇ ਬਕਾਏ ਸਿੱਖਿਆ ਵਿਭਾਗ ਵਲੋ ਅਦਾ ਕਰਨ ਤੋਂ ਬਾਅਦ ਸਬੰਧਤ ਵਿਭਾਗ ਤੋਂ ਰਿਇੰਬਰਸਮੈਂਟ ਲੈ ਲਈ ਜਾਵੇਗੀ।

4. ਸਕੱਤਰ ਸਿੱਖਿਆ ਵਿਭਾਗ ਪੰਜਾਬ ਜੀ ਵਲੋਂ ਦੱਸਿਆ ਗਿਆ ਕਿ ਇਸੇ ਤਰਾਂ ਦੇ ਕੇਸ ਵਿੱਚ ਮਾਣਯੋਗ ਹਾਈ ਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ 21688 ਆਫ 2017 ਸੰਦੀਪ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਵਿੱਚ ਦਿੱਤੇ ਫੈਸਲੇ ਦੀ ਸਬੰਧਤ ਟੂਕ ਨਿਮਨ ਅਨੁਸਾਰ ਹੈ:-

"As of now, the petitioners are working with the Education Department though, initially the petitioners joined the Department of Rural Development and Panchayat as a primary teacher. Once, the petitioners are working with the Department of Education, the Department of Education is directed to grant the petitioners the benefit of ACP admissible to the petitioners keeping in view their initial appointment with the Department of Rural Development and Panchayat as entitlement of the petitioner for the grant of ACP has not been disputed before this Court.

After the grant of the benefit of ACP, the Department of Education will be within its jurisdiction to claim reimbursement from the other Department but the petitioner cannot be allowed to suffer in case of a

dispute between the two Departments of the same Government hence, the Department of Education is directed to consider the claim of the petitioners for the grant of ACP within a period of eight weeks of the receipt of copy of this order and the benefit be extended to them even if, the said benefit is for the period when they were working with the Department of Rural Development and Panchayat. The Department of Education can claim the reimbursement of the benefit extended to the petitioners in case admissible from the Department of Rural Development and Panchayat.

It may be noticed that the petitioners claim became due 13 years ago and the petitioners have been made to litigate for their genuine claim only due to the dispute between the two Departments of the same Government.

Hence, the arrears of ACP, which will be paid to the petitioners by the Department of Education will also carry interest @ 6% per annum from the date the amount became due till the actual release of the same and the interest so paid can also be claimed by the Department of Education from the Department of Rural Development and Panchayat."

5. ਉਪਰੋਕਤ ਦੇ ਸਨਮੁਖ ਮਾਣਯੋਗ ਮੁੱਖ ਸਕੱਤਰ, ਪੰਜਾਬ ਵਲੋਂ ਫੈਸਲਾ ਲਿਆ ਗਿਆ ਕਿ ਸਿਵਲ ਰਿੱਟ ਪਟੀਸ਼ਨ ਨੰ 22038 ਆਫ 2016 ਮੁਨੀਸ਼ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਅਤੇ ਇਸੇ ਤਰਾਂ ਦੇ similarly situated case ਸਿਵਲ ਰਿੱਟ ਪਟੀਸਨ ਨੰ 21688 ਆਫ 2017 ਸੰਦੀਪ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਵਿੱਚ ਮਾਣਯੋਗ ਹਾਈ ਕੋਰਟ ਵਲੋਂ ਕੀਤੇ ਗਏ ਫੈਸਲੇ ਦੇ ਸਨਮੁਖ ਇਸ ਰਿੱਟ ਪਟੀਸ਼ਨ ਵਿੱਚ ਪਟੀਸ਼ਨਰਾਂ ਦੇ ਕਲੇਮ ਦੀ ਅਦਾਇਗੀ ਸਿੱਖਿਆ ਵਿਭਾਗ, ਪੰਜਾਬ ਵਲੋਂ ਕੀਤੀ ਜਾਣੀ ਹੈ, ਇਸੇ ਤਰਾਂ ਸਿਵਲ ਰਿੱਟ ਪਟੀਸਨ ਨੰ 22038 ਆਫ 2016 ਮੁਨੀਸ਼ ਸ਼ਰਮਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕੇਸ ਵਿੱਚ ਪਟੀਸ਼ਨਰਾਂ ਨੂੰ ਅਦਾਇਗੀ ਸਿੱਖਿਆ ਵਿਭਾਗ ਵਲੋ ਕੀਤੀ ਜਾਵੇ ਉਪਰੰਤ ਅਦਾ ਕੀਤੀ ਰਾਸ਼ੀ ਦੀ ਰੀਇੰਬਰਸਮੈਂਟ ਸੰਬੰਧਤ ਅਦਾਰੇ ਤੋਂ ਕਲੇਮ ਕੀਤਾ ਜਾਵੇ। ਸੰਬੰਧਤ ਅਦਾਰਾ ਰੀਇੰਬਰਸਮੈਂਟ ਰਾਸ਼ੀ ਸਿੱਖਿਆ ਵਿਭਾਗ ਨੂੰ ਅਦਾ ਕਰੇਗਾ। ਇਸ ਦੇ ਨਾਲ ਹੀ ਇਹ ਵੀ ਹਦਾਇਤ ਕੀਤੀ ਗਈ ਕਿ ਜੇਕਰ ਕੋਈ ਹੋਰ similarly situated claim ਹੈ ਤਾਂ ਉਸਦਾ ਨਿਪਟਾਰਾ ਵੀ ਇਸੇ ਢੰਗ ਨਾਲ ਹੀ ਕੀਤਾ ਜਾਵੇ।